# ਕਿਸਾਨ ਭਰਾਵਾਂ ਦੇ ਧਿਆਨ ਹਿਤ ਜ਼ਰੂਰੀ ਸੂਚਨਾ

## ਹਾੜੀ 2015-16 ਦੌਰਾਨ ਕਣਕ ਦੇ ਤਸਦੀਕਸ਼ੁਦਾ (ਸਰਟੀਫਾਈਡ) ਬੀਜ 'ਤੇ ਸਬਸਿਡੀ ਕਿਸਾਨ ਵੀਰਾਂ ਦੇ ਖਾਤਿਆਂ ਵਿੱਚ ਸਿੱਧੀ ਭੇਜਣ ਬਾਰੇ

ਪੰਜਾਬ ਸਰਕਾਰ ਨੇ ਇਹ ਫ਼ੈਸਲਾ ਕੀਤਾ ਹੈ ਕਿ ਹਾੜੀ 2015-16 ਦੌਰਾਨ ਕਣਕ ਦੇ ਤਸਦੀਕਸ਼ੁਦਾ (ਸਰਟੀਫਾਈਡ) ਬੀਜ 'ਤੇ ਸਬਸਿਡੀ ਕਿਸਾਨ ਵੀਰਾਂ ਦੇ ਖਾਤਿਆਂ ਵਿੱਚ ਸਿੱਧੀ ਭੇਜੀ ਜਾਵੇਗੀ।

ਇਸ ਸਬਸਿਡੀ ਦਾ ਭੁਗਤਾਨ ਕਰਨ ਲਈ ਹੇਠ ਲਿਖੇ ਅਨੁਸਾਰ ਵਿਧੀ ਅਪਣਾਈ ਜਾਵੇਗੀ:-

1. ਕਣਕ ਦੇ ਤਸਦੀਕਸ਼ੁਦਾ ਬੀਜ 'ਤੇ ਕਿਸਾਨਾਂ ਨੂੰ ਬੀਜ ਦੀ ਕੀਮਤ ਦਾ 50% ਜਾਂ ਵੱਧ ਤੋਂ ਵੱਧ 1000 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾਵੇਗੀ ਅਤੇ ਇਕ ਕਿਸਾਨ ਨੂੰ ਵੱਧ ਤੋਂ ਵੱਧ 5 ਏਕੜ ਲਈ ਬੀਜ 'ਤੇ ਸਬਸਿਡੀ ਦਿੱਤੀ ਜਾਵੇਗੀ।
2. ਇਹ ਸਬਸਿਡੀ ਪਹਿਲ ਦੇ ਆਧਾਰ 'ਤੇ ਢਾਈ ਏਕੜ ਤੱਕ ਦੇ ਕਿਸਾਨਾਂ ਨੂੰ ਦਿੱਤੀ ਜਾਵੇਗੀ। ਉਸ ਤੋਂ ਬਾਅਦ ਬਕਾਇਆ ਸਬਸਿਡੀ ਢਾਈ ਏਕੜ ਤੋਂ ਪੰਜ ਏਕੜ ਤੱਕ ਵਾਲੇ ਕਿਸਾਨਾਂ ਨੂੰ ਦਿੱਤੀ ਜਾਵੇਗੀ। ਜੇਕਰ ਰਾਸ਼ੀ ਫਿਰ ਵੀ ਬਚ ਜਾਂਦੀ ਹੈ ਤਾਂ ਪੰਜ ਏਕੜ ਤੋਂ ਵੱਧ ਵਾਲੇ ਕਿਸਾਨਾਂ ਨੂੰ ਵੀ ਦਿੱਤੀ ਜਾਵੇਗੀ।
3. ਕਣਕ ਦੇ ਬੀਜ ਦੀ ਸਬਸਿਡੀ ਪ੍ਰਾਪਤ ਕਰਨ ਲਈ ਨਿਰਧਾਰਿਤ ਪ੍ਰੋਫਾਰਮਾ/ਬਿਨੈ-ਪੱਤਰ ਵਿਭਾਗ ਦੀ ਵੈਬਸਾਈਟ www.agripb.gov.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ ਜਾਂ ਇਸ ਇਸ਼ਤਿਹਾਰ ਦੇ ਹੇਠਾਂ ਦਿੱਤੇ ਗਏ ਪ੍ਰੋਫਾਰਮੇ ਅਨੁਸਾਰ ਵੀ ਬਿਨੈ-ਪੱਤਰ ਦਿੱਤਾ ਜਾ ਸਕਦਾ ਹੈ। ਇਹ ਬਿਨੈ-ਪੱਤਰ ਪਿੰਡ ਦੇ ਸਰਪੰਚ/ਨੰਬਰਦਾਰ/ਐਮ.ਸੀ. ਤੋਂ ਤਸਦੀਕ ਕੀਤੇ ਹੋਣੇ ਚਾਹੀਦੇ ਹਨ।
4. ਕਿਸਾਨ ਵੀਰ ਆਪਣੇ ਮੁਕੰਮਲ ਬਿਨੈ-ਪੱਤਰ ਖੇਤੀਬਾੜੀ ਵਿਭਾਗ ਦੇ ਫੋਕਲ ਪੁਆਇੰਟ ਜਾਂ ਬਲਾਕ ਪੱਧਰ ਜਾਂ ਜ਼ਿਲ੍ਹਾ ਪੱਧਰ ਦੇ ਦਫ਼ਤਰਾਂ ਵਿੱਚ 26.10.2015 ਤੱਕ ਜਮ੍ਹਾਂ ਕਰਵਾ ਸਕਦੇ ਹਨ।
5. ਜਿਨ੍ਹਾਂ ਕਿਸਾਨ ਵੀਰਾਂ ਦੀਆਂ ਦਰਖ਼ਾਸਤਾਂ ਬੀਜ ਦੀ ਸਬਸਿਡੀ ਲਈ ਯੋਗ ਪਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਸਬੰਧਤ ਬਲਾਕ ਦਫ਼ਤਰਾਂ ਵਲੋਂ ਸਬਸਿਡੀ ਦੀ ਲੋੜੀਂਦੀ ਪ੍ਰਵਾਨਗੀ/ਪਰਮਿਟ ਮਿਤੀ 30.10.2015 ਤੱਕ ਦਿੱਤੇ ਜਾਣਗੇ। ਜਿਨ੍ਹਾਂ ਬਲਾਕਾਂ ਵਿੱਚ ਦਰਖ਼ਾਸਤਾਂ ਦੀ ਗਿਣਤੀ ਜ਼ਿਆਦਾ ਹੋਵੇਗੀ, ਉਥੇ Draw of Lots (ਲਾਟਰੀ ਸਿਸਟਮ ਰਾਹੀਂ) ਮਿਤੀ 29.10.2015 ਨੂੰ ਮੈਜਿਸਟਰੇਟ ਦੀ ਹਾਜ਼ਰੀ ਵਿੱਚ ਕੱਢੇ ਜਾਣਗੇ ਅਤੇ ਇਸ ਪ੍ਰਕਿਰਿਆ ਦੀ ਮੁਕੰਮਲ ਵੀਡੀਓਗ੍ਰਾਫ਼ੀ ਕਰਵਾਈ ਜਾਵੇਗੀ। ਸਫ਼ਲ ਕਿਸਾਨਾਂ ਨੂੰ ਪਰਮਿਟ ਮਿਤੀ 30.10.2015 ਨੂੰ ਦਿੱਤੇ ਜਾਣਗੇ।
6. ਸਬਸਿਡੀ ਪ੍ਰਾਪਤ ਕਰਨ ਲਈ ਕਿਸਾਨ ਕਣਕ ਦਾ ਬੀਜ ਕਿਸੇ ਵੀ ਅਦਾਰੇ ਜਿਵੇਂ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਪਨਸੀਡ, ਨੈਸ਼ਨਲ ਸੀਡ ਕਾਰਪੋਰੇਸ਼ਨ, ਭਾਰਤੀ ਫ਼ਾਰਮ ਜੰਗਲਾਤ ਵਿਕਾਸ ਕਾਰਪੋਰੇਸ਼ਨ/ਇਫ਼ਕੋ, ਕ੍ਰਿਭਕੋ ਜਾਂ ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਨਾਲ ਰਜਿਸਟਰਡ ਪ੍ਰਾਈਵੇਟ ਬੀਜ ਉਤਪਾਦਕਾਂ ਤੋਂ ਖ਼ਰੀਦ ਸਕਣਗੇ। ਜਿਥੇ ਕਿਸਾਨਾਂ ਨੂੰ ਖੁੱਲ੍ਹ ਹੋਵੇਗੀ ਕਿ ਉਹ ਕਿਸੇ ਵੀ ਰਜਿਸਟਰਡ ਬੀਜ ਉਤਪਾਦਕ ਤੋਂ ਤਸਦੀਕਸ਼ੁਦਾ ਬੀਜ ਖ਼ਰੀਦ ਸਕਦੇ ਹਨ, ਉਥੇ ਬੀਜ ਉਤਪਾਦਕ ਵੀ ਜੇਕਰ ਚਾਹੁਣ ਤਾਂ ਆਪਣਾ ਸੇਲ ਸੈਂਟਰ ਖੇਤੀਬਾੜੀ ਵਿਭਾਗ ਦੇ ਬਲਾਕ ਦਫ਼ਤਰਾਂ ਵਿੱਚ ਖੋਲ੍ਹ ਸਕਦੇ ਹਨ।
7. ਕਣਕ ਦਾ ਤਸਦੀਕਸ਼ੁਦਾ ਬੀਜ ਖ਼ਰੀਦਣ ਸਮੇਂ ਕਿਸਾਨ ਵੀਰ ਇਸ ਗੱਲ ਨੂੰ ਜ਼ਰੂਰ ਧਿਆਨ ਵਿੱਚ ਰੱਖਣ ਕਿ ਨਾ ਸਿਰਫ਼ ਬੀਜ ਉਤਪਾਦਕ ਰਜਿਸਟਰਡ ਹੋਣ ਬਲਕਿ ਉਨ੍ਹਾਂ ਵਲੋਂ ਜ਼ਾਰੀ ਕੀਤੇ ਜਾਣ ਵਾਲੇ ਬਿਲਾਂ 'ਤੇ ਬੈਚ ਨੰਬਰ ਜਾਂ ਲਾਟ ਨੰਬਰ ਵੀ ਦਰਜ ਕੀਤਾ ਜਾਵੇ।
8. ਸਾਰੇ ਬੀਜ ਉਤਪਾਦਕ/ਵਿਕਰੇਤਾ ਜੋ ਵੀ ਖੇਤੀਬਾੜੀ ਵਿਭਾਗ ਵਲੋਂ ਸਬਸਿਡੀ ਲਈ ਦਿੱਤੀ ਗਈ ਪ੍ਰਵਾਨਗੀ ਅਨੁਸਾਰ ਬੀਜ ਵੇਚਦੇ ਹਨ, ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਕਿਸਾਨਾਂ ਨੂੰ ਜਾਰੀ ਕੀਤੇ ਜਾਣ ਵਾਲੇ ਬਿਲਾਂ ਨੂੰ ਤਿੰਨ ਪਰਤਾਂ ਵਿੱਚ ਜਾਰੀ ਕਰਨ, ਜਿਸ ਦੀਆਂ ਦੋ ਪਰਤਾਂ ਕਿਸਾਨਾਂ ਨੂੰ ਦਿੱਤੀਆਂ ਜਾਣਗੀਆਂ ਅਤੇ ਕਿਸਾਨ ਇਨ੍ਹਾਂ ਵਿਚੋਂ ਇਕ ਪਰਤ ਸਬੰਧਤ ਬਲਾਕ ਅਫ਼ਸਰ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਏਗਾ। ਇਸ ਬਿਲ ਵਿੱਚ ਖੇਤੀਬਾੜੀ ਵਿਭਾਗ ਵਲੋਂ ਜਾਰੀ ਕੀਤੀ ਗਈ ਪ੍ਰਵਾਨਗੀ/ਪਰਮਿਟ ਨੰਬਰ ਲਾਜ਼ਮੀ ਤੌਰ 'ਤੇ ਦਰਜ ਕੀਤਾ ਜਾਵੇ ਤਾਂ ਜੋ ਇਸ ਬਿਲ ਨੂੰ ਤਸਦੀਕ ਕਰਨ ਉਪਰੰਤ ਕਿਸਾਨਾਂ ਨੂੰ ਉਸ ਦੀ ਬਣਦੀ ਸਬਸਿਡੀ ਛੇਤੀ ਤੋਂ ਛੇਤੀ (ਵੱਧ ਤੋਂ ਵੱਧ 15 ਦਿਨਾਂ ਦੇ ਅੰਦਰ-ਅੰਦਰ) ਕਿਸਾਨਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾਈ ਜਾ ਸਕੇ।

9. ਪ੍ਰਾਈਵੇਟ ਬੀਜ ਉਤਪਾਦਕ, ਜਿਨ੍ਹਾਂ ਦਾ ਬੀਜ ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਵਲੋਂ ਸਰਟੀਫਾਈਡ ਕੀਤਾ ਗਿਆ ਹੈ, ਦੀ ਸੂਚੀ ਖੇਤੀਬਾੜੀ ਵਿਭਾਗ ਦੇ ਦਫ਼ਤਰਾਂ ਵਿਚ ਵੇਖੀ ਜਾ ਸਕਦੀ ਹੈ ਅਤੇ ਇਹ ਸੂਚੀ ਵੈਬਸਾਈਟ www.agripb.gov.in 'ਤੇ ਵੀ ਵੇਖੀ ਜਾ ਸਕਦੀ ਹੈ।

10. ਸਬਸਿਡੀ ਕਣਕ ਦੀਆਂ ਕਿਸਮਾਂ ਐਚ.ਡੀ. 3086, ਪੀ.ਬੀ.ਡਬਲਯੂ. 677, ਡਬਲਿਊ.ਐਚ. 1105, ਐਚ.ਡੀ. 2967, ਪੀ.ਬੀ.ਡਬਲਿਊ. 621, ਡੀ.ਬੀ.ਡਬਲਿਊ. 17, ਪੀ.ਬੀ.ਡਬਲਿਊ. 550, ਪੀ.ਬੀ.ਡਬਲਯੂ. 658, ਪੀ.ਬੀ.ਡਬਲਿਊ. 590, ਪੀ.ਬੀ.ਡਬਲਯੂ. 660 ਅਤੇ ਪੀ.ਬੀ.ਡਬਲਿਊ. 644'ਤੇ ਹੀ ਦਿੱਤੀ ਜਾਵੇਗੀ।

11. ਕੌਮੀ ਅੰਨ ਸੁਰੱਖਿਆ ਮਿਸ਼ਨ ਅਧੀਨ ਚੁਣੇ ਗਏ ਜ਼ਿਲ੍ਹਿਆਂ ਭਾਵ ਅੰਮ੍ਰਿਤਸਰ, ਗੁਰਦਾਸਪੁਰ, ਪਠਾਨਕੋਟ, ਤਰਨ ਤਾਰਨ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਫਿਰੋਜ਼ਪੁਰ, ਫ਼ਾਜ਼ਿਲਕਾ, ਬਠਿੰਡਾ, ਰੋਪੜ ਅਤੇ ਮੋਹਾਲੀ ਵਿੱਚ ਖੇਤੀਬਾੜੀ ਯੂਨੀਵਰਸਿਟੀ ਵਲੋਂ ਪੈਦਾ ਕੀਤੇ ਕਣਕ ਦੇ ਟੀ.ਐਲ. ਬੀਜ 'ਤੇ ਵੀ ਸਬਸਿਡੀ ਦਿੱਤੀ ਜਾਵੇਗੀ।

12. ਜੇਕਰ ਕੋਈ ਕਿਸਾਨ ਪ੍ਰਾਪਤ ਕੀਤੇ ਗਏ ਬੀਜ ਦੀ ਗੁਣਵਤਾ ਨੂੰ ਚੈਕ ਕਰਵਾਉਣਾ ਚਾਹੁੰਦਾ ਹੋਵੇ ਤਾਂ ਉਹ ਇਸ ਨੂੰ ਖੇਤੀਬਾੜੀ ਵਿਭਾਗ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਬੀਜ ਪ੍ਰਯੋਗਸ਼ਾਲਾਵਾਂ ਤੋਂ ਟੈਸਟ ਕਰਵਾ ਸਕਦਾ ਹੈ।

13. ਸਾਰੇ ਬੀਜ ਵਿਕਰੇਤਾ ਹਰ ਰੋਜ਼ ਸ਼ਾਮ ਨੂੰ ਉਨ੍ਹਾਂ ਵਲੋਂ ਕਿਸਾਨਾਂ ਨੂੰ ਵੇਚੇ ਗਏ ਬੀਜ ਬਾਰੇ ਵੇਰਵੇ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਨੂੰ ਈ-ਮੇਲ ਰਾਹੀਂ ਹੇਠ ਲਿਖੇ ਪ੍ਰੋਫ਼ਾਰਮੇ ਵਿੱਚ ਭੇਜਣਗੇ:-

| ਲੜੀ ਨੰ: | ਕਿਸਾਨਾਂ ਦਾ ਵੇਰਵਾ | ਸਪਲਾਈ ਕੀਤੀ ਮਾਤਰਾ | ਬਿਲ ਨੰ: ਅਤੇ ਮਿਤੀ | ਕੁਲ ਰਕਮ | ਮਿਲਣਯੋਗ ਸਬਸਿਡੀ ਦੀ ਰਕਮ |
|---|---|---|---|---|---|
| | | | | | |

## ਕਣਕ ਦੇ ਬੀਜ 'ਤੇ ਸਬਸਿਡੀ ਪ੍ਰਾਪਤ ਕਰਨ ਲਈ ਪ੍ਰੋਫਾਰਮਾ

ਕਿਰਸਾਨ ਦੀ ਫੋਟੋ

1. ਨਾਮ .................... ਪੁੱਤਰ/ਪਤਨੀ/ਪੁੱਤਰੀ ਸ੍ਰੀ ....................
2. ਪਿੰਡ .................... ਡਾਕਘਰ .................... ਤਹਿਸੀਲ.................... ਜ਼ਿਲ੍ਹਾ....................
3. ਫੋਨ ਨੰਬਰ/ਮੋਬਾਈਲ ....................
4. ਬੈਂਕ ਖਾਤੇ ਦਾ ਵੇਰਵਾ: ਬੈਂਕ ਦਾ ਨਾਂ .................... ਖਾਤਾ ਨੰ: ....................
   ਆਈ.ਐਫ.ਐਸ.ਸੀ. ਕੋਡ: .................... ਆਧਾਰ ਕਾਰਡ ਨੰ: ....................
5. ਰਕਬਾ ਏਕੜਾਂ ਵਿੱਚ (ਮਾਲ ਰਿਕਾਰਡ ਅਨੁਸਾਰ)
   (ੳ) ਮਾਲਕੀ:.................... (ਅ) ਠੇਕੇ 'ਤੇ:.................... ਕੁੱਲ:....................
6. ਕਿਸਾਨ ਦੀ ਸ਼੍ਰੇਣੀ (ਅਨੁਸੂਚਿਤ ਜਾਤੀ/ਹੋਰ ਪਛੜੀ ਜਾਤੀ/ਜਨਰਲ ਕੈਟਾਗਰੀ):....................
7. ਕਣਕ ਦੇ ਬੀਜ ਦੀ ਮੰਗ, ਕਿਸਮ: .................... ਮਾਤਰਾ: ....................

### ਸਵੈ ਘੋਸ਼ਣਾ

ਤਸਦੀਕ ਕੀਤਾ ਜਾਂਦਾ ਹੈ:

1. ਕਿ ਮੈਂ ਜ ਉਪਰੋਕਤ ਜ਼ਮੀਨ ਦੇ ਵੇਰਵੇ ਦਿੱਤੇ ਹਨ, ਉਹ ਸਹੀ ਹਨ।
2. ਕਿ ਮੈਂ ਸਬਸਿਡੀ ਵਾਲਾ ਬੀਜ ਇਸ ਦੀ ਪੂਰੀ ਕੀਮਤ ਅਦਾ ਕਰਕੇ ਉਪਦਾਨ ਦੀ ਰਾਸ਼ੀ ਬਾਅਦ ਵਿਚ ਕਲੇਮ ਕਰਾਂਗਾ।
3. ਕਿ ਮੈਂ ਰਿਆਇਤੀ ਦਰਾਂ 'ਤੇ ਪ੍ਰਾਪਤ ਕੀਤੇ ਬੀਜ ਨੂੰ ਖ਼ੁਦ ਹੀ ਵਰਤਾਂਗਾ ਅਤੇ ਕਿਸੇ ਨੂੰ ਅੱਗੇ ਨਹੀਂ ਦੇਵਾਂਗਾ/ਵੇਚਾਂਗਾ।
4. ਕਿ ਜੇਕਰ ਮੇਰੇ ਵੱਲੋਂ ਦਿੱਤੇ ਦਸਤਾਵੇਜ਼ ਗਲਤ/ਝੂਠੇ ਪਾਏ ਜਾਂਦੇ ਹਨ ਤਾਂ ਖੇਤੀਬਾੜੀ ਵਿਭਾਗ ਮੇਰੇ ਵਿਰੁੱਧ ਕਾਨੂੰਨੀ ਕਾਰਵਾਈ ਕਰ ਸਕਦਾ ਹੈ।

ਤਸਦੀਕ ਕਰਨ ਵਾਲੇ ਸਰਪੰਚ/ਨੰਬਰਦਾਰ ਦੇ ਦਸਤਖ਼ਤ
(ਪੂਰਾ ਨਾਂ, ਪਤਾ ਅਤੇ ਮਿਤੀ)

ਕਿਰਸਾਨ ਦੇ ਹਸਤਾਖ਼ਰ
ਮਿਤੀ:

1 ਕਣਕ ਦੇ ਕੁੱਲ.................... (ਮਾਤਰਾ) ਬੀਜ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।

**ਖੇਤੀਬਾੜੀ ਵਿਸਥਾਰ ਅਫ਼ਸਰ ਜਾਂ ਖੇਤੀਬਾੜੀ ਵਿਕਾਸ ਅਫ਼ਸਰ ਦੇ ਹਸਤਾਖ਼ਰ**

2. ਕਣਕ ਦਾ ਬੀਜ .................... (ਮਾਤਰਾ) ਪ੍ਰਵਾਨ ਕੀਤਾ ਜਾਂਦਾ ਹੈ।

**ਖੇਤੀਬਾੜੀ ਅਫ਼ਸਰ ਦੇ ਹਸਤਾਖ਼ਰ ਅਤੇ ਮੋਹਰ**

**ਵਧੇਰੇ ਜਾਣਕਾਰੀ ਲਈ ਖੇਤੀਬਾੜੀ ਵਿਭਾਗ ਦੇ ਦਫ਼ਤਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ**

ਜਾਰੀ ਕਰਤਾ: ਡਾਇਰੈਕਟਰ ਖੇਤੀਬਾੜੀ, ਪੰਜਾਬ